This question paper contains 5 printed pages]

*Your Roll No*................

**654**

**B.A. (PROGRAMME)/I** **B-II**

PUNJABI LANGUAGE (C)—Paper I

(Basic Punjabi)

*Time* : 3 *Hours* *Maximum Marks* : 100

*(Write your Roll No. on the top immediately on receipt of this question paper.)*

**ਨੋਟ** :–ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਹੇਠ ਲਿਖੇ ਪੈਰ੍ਹੇ ਨੂੰ ਪੜ੍ਹੋ ਅਤੇ ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :

"ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪਟਨਾ ਵਿਖੇ ਗੰਗਾ ਦੇ ਕਿਨਾਰੇ ਹੀ ਹੋਇਆ ਸੀ । ਸ਼ਹਿਰ ਦੇ ਗੁਰਦੁਆਰਿਆਂ ਦੇ ਇਲਾਵਾ ਗੋਬਿੰਦ ਘਾਟ ਵੀ ਗੰਗਾ ਦੇ ਕਿਨਾਰੇ ਹੀ ਸ਼ੋਭਾ ਵਧਾ ਰਿਹਾ ਹੈ । ਜਿਥੇ ਕਿ ਗੁਰੂ ਸਾਹਿਬ ਜਲ-ਕ੍ਰੀੜਾ ਕਰਦੇ ਅਤੇ ਗੰਗਾ ਦੇ ਪਾਣੀਆਂ 'ਚ ਕਿੰਨੀ ਚਮਕ ਹੋਵੇਗੀ । ਇਹ ਸਰਬ ਸਾਂਝੀ ਨਦੀ ਹੈ । ਅਜ ਦੇਸ਼ ਦੇ ਕਈ ਰਾਜਨੀਤਕ ਦਰਿਆਵਾਂ ਦੇ ਪਾਣੀ ਨੂੰ ਆਪਣੀ ਜ਼ੇਬ ਵਿਚ ਪਾ ਕੇ ਬਾਕੀ ਸਭਨਾ ਲੋਕਾਂ ਨੂੰ ਤਬਾਹ ਕਰਨਾ ਚਾਹੁੰਦੇ ਹਨ ।"

**ਪ੍ਰਸ਼ਨ** :

(1) ਗੁਰੂ ਗੋਬਿੰਦ ਸਿੰਘ ਦਾ ਜਨਮ ਕਿਥੇ ਹੋਇਆ ?

(2) ਪਟਨਾ ਸਾਹਿਬ ਦਾ ਗੋਬਿੰਦ ਘਾਟ ਕਿਉਂ ਪ੍ਰਸਿਧ ਹੈ ?

(3) ਦੇਸ਼ ਦੇ ਵਰਤਮਾਨ ਰਾਜਨੀਤਕ ਕੀ ਕਰ ਰਹੇ ਹਨ ?

(4) ਸਰਬ ਸਾਂਝੀ ਨਦੀ ਦਾ ਕੀ ਨਾਂ ਹੈ ? 15

2. ਹੇਠ ਲਿਖਿਆਂ ਵਿਚੋਂ ਕਿਸੇ **ਇਕ** ਉਪਰ ਪੈਰਾ ਲਿਖੋ :

(*i*) ਕਾਲਜ ਵਿਚ ਮੇਰਾ ਪਹਿਲਾ ਦਿਨ ।

(*ii*) ਸਿਹਤ ਹੀ ਅਸਲੀ ਧਨ ਹੈ ।

(*iii*) ਕਾਮਨਵੈਲਥ ਖੇਡਾਂ – 2010 15

3. ਹੇਠ ਲਿਖਿਆਂ ਵਿਚੋਂ ਕਿਸੇ **ਇਕ** ਉਪਰ ਨੋਟਿਸ ਲਿਖੋ :

ਕਾਲਜ ਵਿਦਿਆਰਥੀ ਯੂਨੀਅਨ ਦੇ ਪ੍ਰਧਾਨ ਵਲੋਂ ਕਾਲਜ ਦੀ ਪਿਕਨਿਕ ਲਈ ਬੱਸਾਂ ਦਾ ਬੰਦੋਬਸ਼ਤ ਕੀਤਾ ਜਾ ਰਿਹਾ ਹੈ ।

**ਜਾਂ**

ਕਾਲਜ ਵਿਚ ਕਵਿਤਾ ਮੁਕਾਬਲੇ ਕਰਵਾਏ ਜਾ ਰਹੇ ਹਨ ਕਾਲਜ ਵਿਦਿਆਰਥੀ ਯੂਨੀਅਨ ਦੇ ਪ੍ਰਧਾਨ ਵਲੋਂ ਨੋਟਿਸ ਲਿਖੋ । 15

4. ਆਪਣੇ ਕਾਲਜ ਦੇ ਪ੍ਰਿੰਸੀਪਲ ਨੂੰ ਬਿਮਾਰੀ ਦੀ ਪੰਜ ਦਿਨ ਦੀ ਛੁਟੀ ਲਈ ਬਿਨੈ ਪਤੱਰ ਲਿਖੋ ।

**ਜਾਂ**

ਆਪਣੀ ਭੈਣ ਦੇ ਵਿਆਹ ਤੇ ਸ਼ਾਮਲ ਹੋਣ ਲਈ ਆਪਣੇ ਮਿਤੱਰ/ਸਹੇਲੀ ਨੂੰ ਸੱਦਾ ਪਤੱਰ ਲਿਖੋ । 20

5. ਹੇਠ ਲਿਖੇ ਕਿਸੇ **ਪੰਜ** ਬਹੁਅਰਥਕ ਸ਼ਬਦਾਂ ਦੇ ਵੱਖ ਵੱਖ ਅਰਥਾਂ ਨੂੰ ਲੈ ਕੇ ਦੋ-ਦੋ ਵਾਕਾਂ ਵਿਚ ਵਰਤੋ :

ਹਾਲ, ਵੱਟ, ਬੋਲੀ, ਮੁਰੱਬਾ, ਪੱਤ, ਦਸਤਾ, ਕੱਚਾ, ਪੱਗੜੀ । 10

6. (ੳ) ਹੇਠ ਲਿਖੇ ਸ਼ਬਦਾਂ ਦੀ ਥਾਂ ਇਕ ਸ਼ਬਦ ਲਿਖੋ :

(*i*) ਮਾਸ ਖਾਣ ਵਾਲਾ ।

(*ii*) ਰੱਬ ਨੂੰ ਮੰਨਣ ਵਾਲਾ ਪੁਰਸ ।

(*iii*) ਸੋਨੇ ਦਾ ਕੰਮ ਕਰਨ ਵਾਲਾ ।

(*iv*) ਭੈਣ ਦਾ ਮੁੰਡਾ ।

(*v*) ਕਵਿਤਾ ਲਿਖਣ ਵਾਲਾ । 5

(ਅ) ਹੇਠ ਲਿਖੇ ਭਾਵਾਂ ਨਾਲ ਸੰਬੰਧਿਤ ਦੋ-ਦੋ ਸ਼ਬਦਾਂ ਨੂੰ ਲਿਖੋ :

(*i*) ਵਿਦਾਇਗੀ ..........................................

(*ii*) ਇਨਕਾਰ ਕਰਨਾ ..........................................

(*iii*) ਇਜਾਜ਼ਤ ਮੰਗਣਾ ..........................................

(*iv*) ਮੁਆਫ਼ੀ ਮੰਗਣਾ ..........................................

(*v*) ਸ਼ੁਕਰਾਨਾ ਕਰਨਾ .......................................... 5

7. (ੳ) ਹੇਠ ਲਿਖੇ ਸ਼ਬਦਾਂ ਵਿਚੋਂ ਕਿਸੇ ਪੰਜ ਸ਼ਬਦਾਂ ਨੂੰ ਪੰਜਾਬੀ ਸ਼ਬਦ ਕੋਸ਼ ਦੀ ਤਰਤੀਬ ਵਿਚ ਲਿਖੋ :

ਸਸਤਾ, ਗਬਨ, ਹਸਰਤ, ਇਨਕਾਰ, ਉਜਾਲਾ, ਜਿਸਮ, ਕਮਜ਼ੋਰ, ਦੁਬਲਾ, ਉਚਾ ।

**ਜਾਂ**

(ਅ) ਕਾਰਕ ਕਿੰਨੀ ਪ੍ਰਕਾਰ ਦੇ ਹੁੰਦੇ ਹਨ ? ਉਹਨਾਂ ਦੇ ਨਾਂ ਲਿਖੋ । 5

8. ਹੇਠ ਲਿਖੇ ਫ਼ਾਰਮ ਨੂੰ ਭਰੋ । 10

ਸੇਵਾ ਵਿਖੇ,

..........................................................................

..........................................................................

..........................................................................

ਵਿਸ਼ਾ :– ਬਿਨੈ ਪੱਤਰ ਬਰਾਏ ਆਸਾਮੀ ।

ਸ੍ਰੀ ਮਾਨਜੀ,

ਬੇਨਤੀ ਹੈ ਕਿ ਮੈਨੂੰ ਭਰੋਸੇਯੋਗ ਵਸੀਲੇ ਰਾਹੀਂ ਪਤਾ ਲਗਾ ਹੈ ਕਿ ਆਪ ਜੀ ਦੇ ਅਧੀਨ ਕੁਝ .................. ਦੀਆਂ ਅਸਾਮੀਆਂ ਖ਼ਾਲੀ ਹਨ । ਇਸ ਲਈ ਇਹਨਾ ਅਸਾਮੀਆਂ ਵਿਚੋਂ ਇਕ ਲਈ ਮੈਂ ਆਪਣੀਆਂ ਸੇਵਾਵਾਂ ਪੇਸ਼ ਕਰਦਾ/ਕਰਦੀ ਹਾਂ ।

ਮੇਰੀਆਂ ਯੋਗਤਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :

(1) ਉਮੀਦਵਾਰ ਦਾ ਨਾਂ ..................................................

(2) ਪਿਤਾ ਦਾ ਨਾਂ ..................................................

(3) ਜਨਮ ਤਾਰੀਕ ..................................................

(4) ਵਿਦਿਅਕ ਯੋਗਤਾਵਾਂ ..................................................

| ਇਮਤਿਹਾਨ ਜੋ ਪਾਸ ਕੀਤਾ | ਬੋਰਡ ਜਾਂ ਯੂਨੀਵਰਸਟੀ ਦਾ ਨਾਂ | ਪ੍ਰਾਪਤ ਕੀਤੇ ਅੰਕ | ਡਵੀਜ਼ਨ |
|---|---|---|---|
| | | | |

(5) ਤਕਨੀਕੀ ਯੋਗਤਾ ..............................

(6) ਤਜਰਬਾ ਜੇ ਕੋਈ ਹੋਵੇ ..............................

(7) ਚਿੱਠੀ ਪਤਰ ਲਈ ਪਤਾ ..............................

(8) ਘਰ ਦਾ ਸਥਾਈ ਪਤਾ ..............................

ਮਿਤੀ. ..............................

ਪ੍ਰਾਰਥਕ ਦਾ ਨਾਂ ਅਤੇ ਸੱਹੀ

..............................

..............................